# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪੰਜਾਬ ਰਾਜ ਦੀਆਂ ਸਮੂਹ ਐਫੀਲੀਏਟਿਡ,
ਐਸੋਸੀਏਟਿਡ, ਆਦਰਸ ਸਕੂਲਜ਼।

ਨੰਬਰ: ਪਸਸਬ-ਐਫੀ:2018/ 3647 ਮਿਤੀ: 6/7/18

**ਵਿਸ਼ਾ: ਵਿੱਲਖਣ ਯੋਗਤਾ ਵਾਲੇ ਵਿਦਿਆਰਥੀਆਂ ਸਬੰਧੀ Display Board ਆਪਣੇ ਸਕੂਲਾਂ ਦੇ Entry Gate ਤੇ ਲਗਾਉਣ ਬਾਰੇ।**

**ਹਵਾਲਾ: ਪਸਸਬ-ਐਫੀ:2018/2604 ਮਿਤੀ: 03-04-2018 ਪੱਤਰ ਨੰਬਰ: 2633 ਮਿਤੀ: 05-04-2018,ਪੱਤਰ ਨੰਬਰ: ਪਸਸਬ-ਐਫੀ:2018/ 2659 ਮਿਤੀ: 10-04-2018 ਅਤੇ ਪੱਤਰ ਨੰ: ਪਸਸਬ-ਐਫੀ:2018/2718 ਮਿਤੀ: 11-04-2018 ਪੱਤਰ ਨੰ: ਪਸਸਬ-ਐਫੀ:2018/2788 ਮਿਤੀ: 16-04-2018, ਮਿਤੀ: 04-05-2018 ਅਤੇ ਪੱਤਰ ਨੰ: ਪਸਸਬ-ਐਫੀ:2018/741 ਮਿਤੀ: 24-05-2018**

ਉਪਰੋਕਤ ਵਿਸ਼ੇ/ਹਵਾਲੇ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੱਲੋਂ CWP No. 22527 of 2017 titled Jyoti Sehgal V/s Union of India and others ਦੇ ਕੇਸ ਵਿੱਚ ਦਿੱਤੇ ਫੈਸਲੇ ਅਨੁਸਾਰ ਸਕੂਲ ਦੇ ਮੇਨਗੇਟ ਤੇ ਮਾਨਯੋਗ ਕੋਰਟ ਵੱਲੋਂ ਜਾਰੀ ਹਦਾਇਤਾਂ ਸਬੰਧੀ ਡਿਸਪਲੇਅ ਬੋਰਡ ਲਗਾ ਕੇ ਸੂਚਿਤ ਕਰਨ ਲਈ ਹਵਾਲਾ ਅਧੀਨ ਪੱਤਰ ਜਾਰੀ ਕੀਤੇ ਗਤਏ ਸਨ। ਇਹਨਾਂ ਪੱਤਰਾਂ ਰਾਹੀਂ ਹੋਏ ਹੁਕਮਾਂ ਦੀ ਪਾਲਣਾ ਕਰਨ ਹਿੱਤ ਬਹੁਤ ਸਾਰੇ ਸਕੂਲਾਂ ਵੱਲੋਂ ਹੁਣ ਤੱਕ ਇਹ ਡਿਸਪਲੇਅ ਬੋਰਡ ਲਗਾ ਕੇ ਦਫਤਰ ਨੂੰ ਸੂਚਿਤ ਨਹੀਂ ਕੀਤਾ ਗਿਆ। ਜਿਸ ਦਾ ਮਾਨਯੋਗ ਕੋਰਟ ਅਤੇ ਬੋਰਡ ਮੈਨੇਜਮੈਂਟ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। **ਜਿਨ੍ਹਾਂ ਸੰਸਥਾਵਾਂ ਨੇ ਇਹ ਸੂਚਨਾ ਨਹੀਂ ਭੇਜੀ, ਉਹ ਮਿਤੀ: 09-07-2018 ਸਵੇਰੇ 9.00 ਵਜੇ ਤੱਕ ਇਹ ਡਿਸਲਪੇਅ ਬੋਰਡ ਲਗਾ ਕੇ ਬੋਰਡ ਦੀ ਫੋਟੋ ਸਮੇਤ ਦਫਤਰ ਨੂੰ ਹਰ ਹਾਲਤ ਵਿੱਚ ਸੂਚਿਤ ਕੀਤਾ ਜਾਵੇ।** ਇਹ ਸੂਚਨਾ ਦਫਤਰ ਦੀ ਮੇਲ ਆਈ.ਡੀ. branchaffiliation@gmail.com ਅਤੇ psebmohali@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ। ਨਿਰਧਾਰਤ ਸਮੇਂ ਵਿੱਚ ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਨੁਸਾਰ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ। ਇਸ ਨੂੰ ਅਤਿ ਜਰੂਰੀ ਸਮਝਦੇ ਹੋਏ ਪਰਮ ਅਗੇਤ ਦਿੱਤੀ ਜਾਵੇ।

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ ,ਪੰਜਾਬ ਸਕੂਲ ਸਿੱਖਿਆ ਬੋਰਡ।